## ਕੈਲੀਫੋਰਨੀਆ ਵਿੱਚ ਘੱਟ ਤੋਂ ਘੱਟ ਤਨਖਾਹ

**ਕੈਲੀਫੋਰਨੀਆ ਵਿੱਚ**, ਤੁਹਾਡੇ ਰੁਜ਼ਗਾਰਦਾਤਾ ਨੂੰ ਤੁਹਾਡੇ ਕੰਮ ਬਦਲੇ ਘੱਟੋ-ਘੱਟ ਤਨਖਾਹ ਦੇਣੀ ਚਾਹੀਦੀ ਹੈ।

1 ਜਨਵਰੀ, 2022 ਤੋਂ, 26 ਜਾਂ ਉਸ ਤੋਂ ਵੱਧ ਕਰਮਚਾਰੀਆਂ ਵਾਲੇ ਰੁਜ਼ਗਾਰਦਾਤਾਵਾਂ ਲਈ ਘੱਟ ਤੋਂ ਘੱਟ ਤਨਖਾਹ $15/ਘੰਟਾ ਅਤੇ 25 ਜਾਂ ਉਸ ਤੋਂ ਘੱਟ ਕਰਮਚਾਰੀਆਂ ਵਾਲੇ ਰੁਜ਼ਗਾਰਦਾਤਾਵਾਂ ਲਈ $14/ਘੰਟਾ ਹੈ। 1 ਜਨਵਰੀ, 2023 ਤੋਂ, ਸਾਰੇ ਰੁਜ਼ਗਾਰਦਾਤਾਵਾਂ ਨੂੰ ਘੱਟੋ ਘੱਟ $15/ਘੰਟਾ ਦਾ ਭੁਗਤਾਨ ਕਰਨਾ ਲਾਜ਼ਮੀ ਫ਼ੇ ਹੋਵੇਗਾ, ਭਾਵੇਂ ਉਹਨਾਂ ਦੀ ਕੰਪਨੀ ਦਾ ਆਕਾਰ ਜੋ ਵੀ ਹੋਵੇ।

ਕੁਝ ਸ਼ਹਿਰਾਂ ਵਿੱਚ ਘੱਟ ਤੋਂ ਘੱਟ ਤਨਖਾਹ ਦੀਆਂ ਸ਼ਰਤਾਂ ਰਾਜ ਨਾਲੋਂ ਵਧੇਰੇ ਹੁੰਦੀਆਂ ਹਨ। ਉਹਨਾਂ ਥਾਵਾਂ 'ਤੇ, ਰੁਜ਼ਗਾਰਦਾਤਾਵਾਂ ਨੂੰ ਉਹ ਵੱਧ ਤਨਖਾਹ ਦਾ ਭੁਗਤਾਨ ਕਰਨਾ ਚਾਹੀਦਾ ਹੈ।

**ਸੈਨ ਫ੍ਰਾਂਸਿਸਕੋ** ਵਿੱਚ ਕੀਤੇ ਗਏ ਕੰਮ ਲਈ, ਜੁਲਾਈ 2022 ਤੋਂ, ਘੱਟ ਤੋਂ ਘੱਟ ਤਨਖਾਹ $16.99/ਘੰਟਾ ਹੈ।

**ਆਕਲੈਂਡ** ਵਿੱਚ ਕੀਤੇ ਗਏ ਕੰਮ ਲਈ, 1 ਜਨਵਰੀ 2022 ਤੋਂ, ਘੱਟ ਤੋਂ ਘੱਟ ਤਨਖਾਹ $15.06/ਘੰਟਾ ਹੈ।

**ਐਮਰੀਵਿਲ** ਵਿੱਚ ਕੀਤੇ ਗਏ ਕੰਮ ਲਈ, 1 ਜੁਲਾਈ 2022 ਤੋਂ, ਘੱਟ ਤੋਂ ਘੱਟ ਤਨਖਾਹ $17.68/ਘੰਟਾ ਹੈ।

ਦੂਜੇ ਸ਼ਹਿਰਾਂ ਵਿੱਚ ਵੀ ਸਥਾਨਕ ਤਨਖਾਹ ਦੇ ਆਰਡੀਨੈਂਸ ਹਨ। ਵਧੇਰੇ ਜਾਣਕਾਰੀ ਲਈ ਏਸ਼ੀਅਨ ਲਾਅ ਕਾਕਸ ਨਾਲ ਸੰਪਰਕ ਕਰੋ।

## ਓਵਰਟਾਈਮ

ਜੇ ਤੁਸੀਂ ਇੱਕ ਹਫ਼ਤੇ ਵਿੱਚ 40 ਘੰਟਿਆਂ ਤੋਂ ਵੱਧ (ਹਫ਼ਤਾਵਾਰ ਓਵਰਟਾਈਮ) ਜਾਂ ਇੱਕ ਦਿਨ ਵਿੱਚ 8 ਘੰਟਿਆਂ ਤੋਂ ਵੱਧ ਕੰਮ ਕਰਦੇ ਹੋ (ਰੋਜ਼ਾਨਾ ਦਾ ਓਵਰਟਾਈਮ), ਤਾਂ ਤੁਹਾਨੂੰ ਤੁਹਾਡੇ ਘੰਟੇ ਦੇ ਰੇਟ ਤੋਂ 1.5 ਗੁਣਾ ਦੀ ਦਰ ਨਾਲ ਓਵਰਟਾਈਮ ਦਾ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਹਰ ਦਿਨ ਕੰਮ ਕੀਤੇ ਪਹਿਲੇ 8 ਘੰਟੇ "ਨਿਯਮਿਤ ਘੰਟੇ" ਹੁੰਦੇ ਹਨ ਅਤੇ ਇਹਨਾਂ ਨੂੰ ਰੋਜ਼ਾਨਾ ਅਤੇ ਹਫਤਾਵਰੀ ਓਵਰਟਾਈਮ ਦੋਵਾਂ ਲਈ ਗਿਣਿਆ ਜਾਂਦਾ ਹੈ।

ਜੇ ਤੁਸੀਂ ਇੱਕ ਦਿਨ ਵਿੱਚ 12 ਘੰਟਿਆਂ ਤੋਂ ਵਧੇਰੇ ਸਮੇਂ ਲਈ ਕੰਮ ਕਰਦੇ ਹੋ, ਤਾਂ ਤੁਹਾਨੂੰ ਤੁਹਾਡੇ ਘੰਟੇ ਦੀ ਦਰ ਤੋਂ 2 ਗੁਣਾ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ।

ਉਦਾਹਰਨ ਲਈ, ਜੇ ਤੁਹਾਡੀ ਪ੍ਰਤੀ ਘੰਟਾ ਤਨਖਾਹ-$15 ਪ੍ਰਤੀ ਘੰਟਾ ਹੈ ਅਤੇ ਤੁਸੀਂ ਪ੍ਰਤੀ ਦਿਨ 13 ਘੰਟੇ, ਹਫਤੇ ਦੇ 6 ਦਿਨ ਕੰਮ ਕਰਦੇ ਹੋ, ਤਾਂ ਤੁਹਾਨੂੰ ਇੰਨਾ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ:

| | | |
|---|---|---|
| ਨਿਯਮਤ ਰੇਟ | $15 x 40 ਨਿਯਮਤ ਘੰਟੇ: ਪਹਿਲੇ 5 ਦਿਨਾਂ ਲਈ ਪ੍ਰਤੀ ਦਿਨ 8 ਘੰਟੇ | =$600 |
| ਓਵਰਟਾਈਮ ਦਾ ਰੇਟ (1.5x) | $15 x 1.5 x 32 ਘੰਟੇ: ਰੋਜ਼ਾਨਾ ਓਵਰਟਾਈਮ ਦੇ 20 ਘੰਟੇ (5 ਦਿਨਾਂ ਲਈ ਪ੍ਰਤੀ ਦਿਨ 8 ਨਿਯਮਤ ਘੰਟਿਆਂ ਤੋਂ 4 ਘੰਟੇ ਵੱਧ) + ਹਫਤਾਵਾਰੀ ਓਵਰਟਾਈਮ ਦੇ 12 ਘੰਟੇ (1 ਹਫ਼ਤੇ ਵਿੱਚ 40 ਤੋਂ ਵੱਧ ਨਿਯਮਤ ਘੰਟੇ, 6ਵੇਂ ਦਿਨ ਕੰਮ ਕੀਤਾ) | =$720 |
| ਦੋਹਰਾ ਸਮਾਂ | $15 x 2 x 6 ਘੰਟੇ: ਪ੍ਰਤੀ ਦਿਨ 12 ਤੋਂ 1 ਘੰਟਾ ਵੱਧ 6 ਦਿਨਾਂ ਲਈ | =$180 |
| **ਕੁੱਲ ਤਨਖਾਹ** | | **$1500** |

ਇਸ ਤੋਂ ਇਲਾਵਾ, ਜੇ ਤੁਸੀਂ ਕਿਸੇ ਕੰਮਕਾਜ਼ੀ ਹਫਤੇ ਵਿੱਚ ਲਗਾਤਾਰ ਸੱਤ ਦਿਨ ਕੰਮ ਕਰਦੇ ਹੋ, ਤਾਂ ਸੱਤਵੇਂ ਦਿਨ, ਤੁਹਾਨੂੰ ਪਹਿਲੇ 8 ਘੰਟਿਆਂ ਲਈ ਤੁਹਾਡੇ ਘੰਟੇ ਦੀ ਦਰ ਦਾ 1.5 ਗੁਣਾ ਅਤੇ ਕਿਸੇ ਵੀ ਵਾਧੂ ਘੰਟਿਆਂ ਲਈ ਤੁਹਾਡੇ ਘੰਟੇ ਦੀ ਦਰ ਤੋਂ 2 ਗੁਣਾ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ।

**ਨੋਟ: ਕੁਝ ਕਰਮਚਾਰੀਆਂ ਨੂੰ** ਘੱਟ ਤੋਂ ਘੱਟ ਤਨਖਾਹ **ਅਤੇ ਓਵਰਟਾਈਮ ਕਾਨੂੰਨਾਂ ਤੋਂ ਛੋਟ ਹੁੰਦੀ ਹੈ।** *ਇਹ ਪਤਾ ਕਰਨ ਲਈ ALC ਨਾਲ ਸੰਪਰਕ ਕਰੋ ਕਿ ਕੀ ਤੁਸੀਂ ਇੱਕ ਛੋਟ ਪ੍ਰਾਪਤ ਕਰਮਚਾਰੀ ਹੋ।*

## ਹੋਰ ਅਧਿਕਾਰ

**ਕੋਈ ਢਿੱਲ ਨਹੀਂ:** ਤੁਸੀਂ ਘੱਟ ਤੋਂ ਘੱਟ ਤਨਖਾਹ ਅਤੇ ਓਵਰਟਾਈਮ ਦੀ ਤਨਖਾਹ ਦੇ ਆਪਣੇ ਅਧਿਕਾਰ ਨੂੰ ਨਹੀਂ ਛੱਡ ਸਕਦੇ। ਭਾਵੇਂ ਤੁਸੀਂ ਘੱਟ ਤੋਂ ਘੱਟ ਤਨਖਾਹ ਤੋਂ ਘੱਟ ਭੁਗਤਾਨ ਕੀਤੇ ਜਾਣ ਲਈ ਸਹਿਮਤ ਹੋਏ ਹੋ, ਫਿਰ ਵੀ ਤੁਹਾਡਾ ਰੁਜ਼ਗਾਰਦਾਤਾ ਤੁਹਾਨੂੰ ਘੱਟ ਤੋਂ ਘੱਟ ਤਨਖਾਹ ਅਤੇ ਓਵਰਟਾਈਮ ਤਨਖਾਹ ਦੇਣ ਲਈ ਕਨੂੰਨ ਦੇ ਤਹਿਤ ਜ਼ੁੰਮੇਵਾਰ ਹੈ। ਇਹਨਾਂ ਅਧਿਕਾਰਾਂ ਨੂੰ "ਛੱਡਣ" ਲਈ ਤੁਹਾਡੇ ਵੱਲੋਂ ਆਪਣੇ ਰੁਜ਼ਗਾਰਦਾਤਾ ਨਾਲ ਕੀਤਾ ਗਏ ਕਿਸੇ ਵੀ ਸਮਝੌਤੇ ਦੇ ਬਾਵਜੂਦ, ਤੁਸੀਂ ਤਨਖਾਹ–ਦਾ ਦਾਅਵਾ ਦਾਇਰ ਕਰ ਸਕਦੇ ਹੋ ਅਤੇ ਦਾਇਰ ਕਰਨਾ ਵੀ ਚਾਹੀਦਾ ਹੈ।

**ਬਦਲੇ ਦੀ ਕਾਰਵਾਈ:** ਕਿਸੇ ਰੁਜ਼ਗਾਰਦਾਤਾ ਨੂੰ ਤਨਖਾਹ ਦਾ ਦਾਅਵਾ ਦਾਇਰ ਕਰਨ ਜਾਂ ਘੱਟੋ-ਘੱਟ ਤਨਖਾਹ ਜਾਂ ਓਵਰਟਾਈਮ ਤਨਖਾਹ ਦਾ ਭੁਗਤਾਨ ਕਰਨ ਦੀ ਮੰਗ ਕਰਨ ਲਈ ਤੁਹਾਨੂੰ ਬਰਖਾਸਤ ਕਰਨਾ ਜਾਂ ਸਜ਼ਾ ਦੇਣਾ ਗੈਰ-ਕਾਨੂੰਨੀ ਹੈ।

**ਭੋਜਨ/ਅਰਾਮ ਲਈ ਬ੍ਰੇਕ:** ਤੁਹਾਡੇ ਕੋਲ ਤੁਹਾਡੇ ਵੱਲੋਂ ਕੰਮ ਕੀਤੇ ਹਰ 4 ਘੰਟਿਆਂ ਤੋਂ ਬਾਅਦ ਘੱਟੋ ਘੱਟ 10 ਮਿੰਟਾਂ ਦਾ ਭੁਗਤਾਨ ਵਾਲਾ ਆਰਾਮ ਦਾ ਬ੍ਰੇਕ ਲੈਣ ਦਾ ਅਧਿਕਾਰ ਹੈ। ਤੁਹਾਡੇ ਕੋਲ ਕੰਮ ਕਰਨ ਦੇ ਹਰ 5 ਘੰਟਿਆਂ ਤੋਂ ਬਾਅਦ ਘੱਟੋ ਘੱਟ 30 ਮਿੰਟਾਂ ਦਾ ਇੱਕ ਬਿਨਾਂ ਭੁਗਤਾਨ ਵਾਲਾ ਭੋਜਨ ਦਾ ਬ੍ਰੇਕ ਲੈਣ ਦਾ ਵੀ ਅਧਿਕਾਰ ਹੈ।

**ਭੋਜਨ ਦੇ ਸਮੇਂ ਦੌਰਾਨ ਕੰਮ ਕਰਨਾ: ਜੇ ਤੁਹਾਨੂੰ ਖਾਣਾ ਖਾਣ ਦੇ ਸਮੇਂ ਦੌਰਾਨ ਕੰਮ ਕਰਨਾ ਪੈਂਦਾ ਹੈ ਤਾਂ**, ਤਾਂ ਤੁਸੀਂ ਪੂਰੀ "ਔਨ-ਡਿਊਟੀ" 30- ਮਿੰਟ ਦੇ ਭੋਜਨ ਦੀ ਮਿਆਦ ਵਾਸਤੇ ਭੁਗਤਾਨ ਕੀਤੇ ਜਾਣ ਦੇ ਹੱਕਦਾਰ ਹੋ

**ਰੁਜ਼ਗਾਰਦਾਤਾ ਦੁਆਰਾ ਪ੍ਰਦਾਨ ਕੀਤਾ ਭੋਜਨ: ਜਦੋਂ ਤੱਕ ਤੁਸੀਂ ਲਿਖਤੀ ਰੂਪ ਵਿੱਚ ਸਹਿਮਤ ਨਹੀਂ ਹੁੰਦੇ**, ਰੁਜ਼ਗਾਰਦਾਤਾ ਵੱਲੋਂ ਪ੍ਰਦਾਨ ਕੀਤੇ ਗਏ ਭੋਜਨ ਨੂੰ ਘੱਟ ਤੋਂ ਘੱਟ ਤਨਖਾਹ ਵਿੱਚ ਨਹੀਂ ਪਾਇਆ ਜਾ ਸਕਦਾ।

## ਜੇ ਤੁਸੀਂ ਨੌਕਰੀ ਛੱਡ ਦਿੰਦੇ ਹੋ ਜਾਂ ਤੁਹਾਨੂੰ ਕੰਮ ਤੋਂ ਕੱਢ ਦਿੱਤਾ ਜਾਂਦਾ ਹੈ

**ਕਮਾਈ ਗਈ** ਤਨਖਾਹ **ਦਾ ਤੁਰੰਤ ਭੁਗਤਾਨ:** ਜੇ ਤੁਹਾਨੂੰ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਹੈ, ਤੁਹਾਡੇ ਰੁਜ਼ਗਾਰਦਾਤਾ ਨੂੰ ਤੁਹਾਡੇ ਵੱਲੋਂ ਕਮਾਈ ਗਈ ਸਾਰੀ ਤਨਖਾਹ ਦਾ ਤੁਰੰਤ ਭੁਗਤਾਨ ਕਰਨਾ ਚਾਹੀਦਾ ਹੈ। ਜੇ ਤੁਸੀਂ ਨੋਟਿਸ ਦਿੱਤੇ ਬਿਨਾਂ ਨੌਕਰੀ ਛੱਡ ਦਿੰਦੇ ਹੋ, ਤਾਂ ਤੁਹਾਡਾ ਰੁਜ਼ਗਾਰਦਾਤਾ ਤੁਹਾਡੇ ਵੱਲੋਂ ਕਮਾਈ ਗਈ ਸਾਰੀ ਤਨਖਾਹ ਦਾ ਭੁਗਤਾਨ ਕਰਨ ਲਈ 72 ਘੰਟਿਆਂ ਤੱਕ ਦਾ ਸਮਾਂ ਲੈ ਸਕਦਾ ਹੈ।

**ਛੁੱਟੀਆਂ ਦਾ ਭੁਗਤਾਨ:** ਜੇ ਤੁਹਾਨੂੰ ਭੁਗਤਾਨ ਵਾਲੀਆਂ ਛੁੱਟੀਆਂ ਜਾਂ ਭੁਗਤਾਨ ਸਮੇਤ ਛੁੱਟੀ (PTO) ਦੇਣ ਦਾ ਵਾਅਦਾ ਕੀਤਾ ਗਿਆ ਫ਼ੇ ਸੀ, ਤਾਂ ਤੁਹਾਨੂੰ ਨੌਕਰੀ ਛੱਡਣ ਅਤੇ ਕੰਮ ਤੋਂ ਕੱਢੇ ਜਾਣ ਤੱਕ ਕਮਾਈਆਂ ਗਈਆਂ ਸਾਰੀਆਂ ਛੁੱਟੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

**ਉਡੀਕ ਸਮੇਂ ਦੇ ਜੁਰਮਾਨੇ:** ਜੇ ਤੁਹਾਡਾ ਰੁਜ਼ਗਾਰਦਾਤਾ ਤੁਹਾਡੀ ਤਨਖਾਹ ਦਾ ਸਮੇਂ ਸਿਰ ਭੁਗਤਾਨ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਤੁਹਾਨੂੰ ਹਰ ਉਸ ਦਿਨ ਲਈ ਇੱਕ ਦਿਨ ਦੀ ਤਨਖਾਹ ਦੇ ਬਰਾਬਰ ਰਕਮ ਦਾ ਉਡੀਕ ਸਮੇਂ ਦਾ ਜੁਰਮਾਨਾ ਦਿੱਤਾ ਜਾ ਸਕਦਾ ਹੈ ਜਦੋਂ ਤੋਂ ਤੁਹਾਡੀ ਤਨਖਾਹ ਦੇ ਭੁਗਤਾਨ ਵਿੱਚ ਦੇਰੀ ਹੁੰਦੀ ਹੈ।

## ਰੈਸਟੋਰੈਂਟ ਦੇ ਕਰਮਚਾਰੀ

**ਵੱਖਰੀ-ਵੱਖਰੀ ਸ਼ਿਫਟ:** ਜੇ ਹਰ ਦਿਨ ਤੁਸੀਂ ਵੱਖਰੀ-ਵੱਖਰੀ ਸ਼ਿਫਟ ਵਿੱਚ ਕੰਮ ਕਰਦੇ ਹੋ (ਉਦਾਹਰਨ ਲਈ, ਦੁਪਹਿਰ ਦੇ ਖਾਣੇ ਦੀ ਸ਼ਿਫਟ ਵਿੱਚ ਕੰਮ ਕਰਨਾ ਅਤੇ ਰਾਤ ਦੇ ਖਾਣੇ ਦੀ ਸ਼ਿਫਟ ਵਿੱਚ ਕੰਮ ਕਰਨ ਲਈ ਇੱਕ ਘੰਟੇ ਜਾਂ ਵਧੇਰੇ ਸਮੇਂ ਬਾਅਦ ਵਾਪਸ ਆਉਣਾ), ਤਾਂ ਤੁਸੀਂ ਘੱਟ ਤੋਂ ਘੱਟ ਤਨਖਾਹ 'ਤੇ ਇੱਕ ਵਾਧੂ ਘੰਟੇ ਦਾ ਭੁਗਤਾਨ ਕੀਤੇ ਜਾਣ ਦੇ ਹੱਕਦਾਰ ਹੋ ਸਕਦੇ ਹੋ।

**ਬਖ਼ਸ਼ੀਸ਼:** ਤੁਹਾਡਾ ਰੁਜ਼ਗਾਰਦਾਤਾ ਤੁਹਾਡੀ ਬਖ਼ਸ਼ੀਸ਼ਾਂ ਨੂੰ ਤੁਹਾਡੀ ਤਨਖਾਹ ਦੇ ਹਿੱਸੇ ਵਜੋਂ ਗਿਣ ਕੇ ਤੁਹਾਨੂੰ ਘੱਟ ਤਨਖਾਹ ਨਹੀਂ ਦੇ ਸਕਦਾ। ਰੁਜ਼ਗਾਰਦਾਤਾ ਲਈ ਤੁਹਾਡੀ ਬਖ਼ਸ਼ੀਸ਼ਾਂ ਦਾ ਕੋਈ ਹਿੱਸਾ ਰੱਖਣਾ ਵੀ ਗੈਰ-ਕਾਨੂੰਨੀ ਹੈ।
ਹਾਲਾਂਕਿ, ਟਿਪ ਪੂਲਿੰਗ, ਜਾਂ ਬਖ਼ਸ਼ੀਸ਼ ਵਾਲੀ ਸੇਵਾ ਪ੍ਰਦਾਨ ਕਰਨ ਵਿੱਚ ਮਦਦ ਕਰਨ ਵਾਲੇ ਗੈਰ-ਪ੍ਰਬੰਧਨ ਸਟਾਫ ਵਿੱਚ ਬਖ਼ਸ਼ੀਸ਼ ਵੰਡਣ ਦੀ ਕਾਨੂੰਨੀ ਇਜਾਜ਼ਤ ਹੈ।

## ਉਪਾਅ

ਤੁਹਾਡੇ ਕੋਲ ਪਿਛਲੇ 3 ਸਾਲਾਂ ਤੱਕ ਦੀਆਂ ਘੱਟ ਤੋਂ ਘੱਟ ਅਤੇ ਓਵਰਟਾਈਮ ਤਨਖਾਹ ਬਾਰੇ ਆਪਣੇ ਰੁਜ਼ਗਾਰਦਾਤਾ ਦੇ ਖਿਲਾਫ ਪ੍ਰਸ਼ਾਸ਼ਕੀ ਦਾਅਵਾ ਦਾਇਰ ਕਰਨ ਦਾ ਅਧਿਕਾਰ ਹੈ।

ਤੁਹਾਨੂੰ ਹੇਠ ਲਿਖੀਆਂ ਸਰਕਾਰੀ ਏਜੰਸੀਆਂ ਵਿੱਚੋਂ ਕਿਸੇ ਵੀ ਕੋਲ ਦਾਅਵਾ ਦਾਇਰ ਕਰਨ ਲਈ ਕਿਸੇ ਵਕੀਲ ਦੀ ਲੋੜ ਨਹੀਂ ਹੈ:

***SF ਘੱਟ ਤੋਂ ਘੱਟ ਤਨਖਾਹ ਆਰਡੀਨੈਂਸ ਦੀ ਉਲੰਘਣਾ ਲਈ:***

ਲੇਬਰ ਸਟੈਂਡਰਡਜ਼ ਇਨਫੋਰਸਮੈਂਟ ਸਿਟੀ ਹਾਲ ਦਾ ਦਫ਼ਤਰ
1 Dr. Carlton B. Goodlett Place, Room 430
San Francisco, CA 94102
(415) 554-6292

***ਪ੍ਰਾਂਤਕੀ ਨਿਊਨਤਮ ਉਜਰਤ ਅਤੇ ਹੋਰ ਲੇਬਰ ਕਾਨੂੰਨਾਂ ਦੀ ਉਲੰਘਣਾ ਲਈ, ਉਸ ਕਾਉਂਟੀ ਵਿੱਚ ਸ਼ਿਕਾਇਤ ਦਰਜ ਕਰੋ ਜਿੱਥੇ ਤੁਸੀਂ ਕੰਮ ਕੀਤਾ ਸੀ:***
ਕੈਲੀਫੋਰਨੀਆ ਲੇਬਰ ਕਮਿਸ਼ਨਰ
ਲੇਬਰ ਸਟੈਂਡਰਡਜ਼ ਇਨਫੋਰਸਮੈਂਟ ਵਿਭਾਗ (DLSE)

455 Golden Gate Avenue, 10th Floor East
San Francisco, CA 94102-7001
(415) 703-4810 (ਅੰਗਰੇਜ਼ੀ, ਸਪੈਨਿਸ਼, ਕੈਂਟੋਨੀਜ਼)

1515 Clay Street, Suite 801
Oakland, CA 94612
(415) 622-3273
*DLSE ਦੇ ਹੋਰ ਦਫਤਰਾਂ ਦੇ ਪਤੇ ਲਈ,*
*www.dir.ca.gov/dlse/districtoffices.htm 'ਤੇ ਜਾਓ।*

ਤੁਸੀਂ ਅਦਾਲਤ ਵਿੱਚ ਮੁਕੱਦਮਾ ਵੀ ਦਾਇਰ ਕਰ ਸਕਦੇ ਹੋ। ਛੋਟੇ ਦਾਅਵਿਆਂ ਵਾਲੀਆਂ ਅਦਾਲਤਾਂ $10,000 ਤੋਂ ਘੱਟ ਤਨਖਾਹ ਦੇ ਕੇਸਾਂ ਦਾ ਫੈਸਲਾ ਕਰਦੀਆਂ ਹਨ ਅਤੇ ਫਾਰਮ ਤਿਆਰ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਸਲਾਹਕਾਰ ਪ੍ਰਦਾਨ ਕਰਾਉਂਦੀਆਂ ਹਨ। ਤੁਹਾਨੂੰ ਕਿਸੇ ਵਕੀਲ ਦੀ ਲੋੜ ਨਹੀਂ ਹੈ, ਅਤੇ ਛੋਟੇ ਦਾਅਵਿਆਂ ਵਾਲੀਆਂ ਅਦਾਲਤ ਵਿੱਚ ਵਕੀਲ ਦੀ ਇਜਾਜ਼ਤ ਨਹੀਂ ਹੈ। ਜੇ ਤੁਹਾਡਾ $10,000 ਤੋਂ ਵਧੇਰੇ ਦਾ ਬਕਾਇਆ ਹੈ ਤਾਂ ਤੁਸੀਂ ਉੱਚ ਅਦਾਲਤ ਵਿੱਚ ਵੀ ਆਪਣਾ ਕੇਸ ਦਾਇਰ ਕਰ ਸਕਦੇ ਹੋ, ਪਰ ਅਦਾਲਤ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਨੂੰ ਇੱਕ ਵਕੀਲ ਦੀ ਨਿਯੁਕਤੀ ਕਰਨੀ ਹੋਵੇਗੀ।

## ਕੋਈ ਵੀ ਸਮੱਸਿਆ ਪੈਦਾ ਹੋਣ ਤੋਂ *ਪਹਿਲਾਂ* ਸਾਵਧਾਨੀਆਂ ਵਰਤੋ

**ਆਪਣੇ ਰੁਜ਼ਗਾਰਦਾਤਾ ਨੂੰ ਜਾਣੋ:** ਅੰਗਰੇਜ਼ੀ ਵਿੱਚ ਆਪਣੇ ਰੁਜ਼ਗਾਰਦਾਤਾ ਦਾ ਪੂਰਾ ਨਾਂ, ਨਾਲ ਹੀ ਆਪਣੇ ਕੰਮ ਦੇ ਸਥਾਨ ਦਾ ਪਤਾ ਅਤੇ ਟੈਲੀਫ਼ੋਨ ਨੰਬਰ ਪ੍ਰਾਪਤ ਕਰੋ।

**ਆਪਣੇ ਕੋਲ ਵੀ ਆਪਣੇ ਰਿਕਾਰਡ ਰੱਖੋ:** ਹਰ ਰੋਜ਼ ਇੱਕ ਕੈਲੰਡਰ 'ਤੇ ਆਪਣਾ ਕੰਮ ਕਰਨ ਦਾ ਸਮਾਂ ਲਿਖੋ, ਤਾਂ ਜੋ ਤੁਸੀਂ ਸਾਬਤ ਕਰ ਸਕੋ ਕਿ ਤੁਸੀਂ ਕਿੰਨੇ ਘੰਟੇ ਕੰਮ ਕੀਤਾ ਹੈ। ਜੇ ਤੁਸੀਂ ਆਪਣੇ ਰੁਜ਼ਗਾਰਦਾਤਾ ਨੂੰ ਆਪਣੀਆਂ ਤਨਖਾਹ -ਦੀ ਮੰਗ ਕਰਨ ਲਈ ਇੱਕ ਪੱਤਰ ਲਿਖਦੇ ਹੋ, ਤਾਂ ਇਸ ਗੱਲ ਦੇ ਸਬੂਤ ਵਜੋਂ ਪੱਤਰ ਦੀ ਇੱਕ ਨਕਲ ਸਾਂਭ ਕੇ ਰੱਖੋ ਕਿ ਤੁਹਾਡੇ ਰੁਜ਼ਗਾਰਦਾਤਾ ਨੂੰ ਪਤਾ ਸੀ ਕਿ ਉਸਨੇ ਤੁਹਾਨੂੰ ਤਨਖਾਹ ਦੇਣੀਆਂ ਸਨ।

**ਮਹੱਤਵਪੂਰਨ ਦਸਤਾਵੇਜ਼ਾਂ ਦੀਆਂ ਨਕਲਾਂ ਰੱਖੋ:** ਤੁਹਾਡੇ ਕੋਲ ਨੌਕਰੀ ਛੱਡਣ ਤੋਂ ਬਾਅਦ ਵੀ, ਆਪਣੇ ਸਾਰੇ ਟਾਈਮ ਕਾਰਡਾਂ ਅਤੇ ਪੇਰੋਲ ਰਿਕਾਰਡਾਂ ਦੀ ਇੱਕ ਨਕਲ ਪ੍ਰਾਪਤ ਕਰਨ ਦਾ ਅਧਿਕਾਰ ਹੈ। ਜਿਸ ਵੀ ਚੀਜ਼ 'ਤੇ ਦਸਤਖਤ ਕਰਨ ਲਈ ਤੁਹਾਨੂੰ ਕਿਹਾ ਜਾਂਦਾ ਹੈ, ਉਸਦੀ ਇੱਕ ਨਕਲ ਮੰਗੋ, ਅਤੇ ਆਪਣੀ ਤਨਖਾਹ ਦੇ ਚੈੱਕ ਦੀਆਂ ਰਸੀਦਾਂ ਅਤੇ W-2 ਫਾਰਮਾਂ ਦੀਆਂ ਨਕਲਾਂ ਸਾਂਭ ਕੇ ਰੱਖੋ। ਹਰ ਉਸ ਬੈਂਕ ਸਟੇਟਮੈਂਟ ਨੂੰ ਸਾਂਭ ਕੇ ਰੱਖੋ ਜੋ ਇਹ ਸਾਬਤ ਕਰਦੇ ਹਨ ਕਿ ਤੁਸੀਂ ਆਪਣੇ ਪੇਚੈਕ ਨੂੰ ਕੈਸ਼ ਆਊਟ ਕਰਨ ਵਿੱਚ ਅਸਮਰੱਥ ਸੀ।

**ਜੇ ਤੁਹਾਡੇ ਕੋਲ ਦਸਤਾਵੇਜ਼ ਨਹੀਂ ਹਨ:** ਕੈਲੀਫੋਰਨੀਆ ਦੇ ਸਾਰੇ ਕਰਮਚਾਰੀ, ਭਾਵੇਂ ਉਹ ਸੰਯੁਕਤ ਰਾਜ ਵਿੱਚ ਕੰਮ ਕਰਨ ਲਈ ਕਾਨੂੰਨੀ ਤੌਰ 'ਤੇ ਅਧਿਕਾਰਤ ਹਨ ਜਾਂ ਨਹੀਂ, ਉਹ ਪ੍ਰਾਂਤਕੀ ਅਤੇ ਸੰਘੀ ਉਜਰਤ ਅਤੇ ਕੰਮ ਦੇ ਸਮੇਂ ਦੇ ਕਾਨੂੰਨਾਂ ਅਧੀਨ ਸੁਰੱਖਿਅਤ ਹਨ। ਭਾਵੇਂ ਤੁਹਾਡੇ ਕੋਲ ਦਸਤਾਵੇਜ਼ ਨਾ ਹੋਣ, ਤੁਹਾਡੇ ਕੋਲ ਆਪਣੀਆਂ ਬਕਾਇਆ ਤਨਖਾਹ ਲਈ ਤਨਖਾਹ ਦਾ ਦਾਅਵਾ ਜਾਂ ਮੁਕੱਦਮਾ ਦਾਇਰ ਕਰਨ ਦਾ ਅਧਿਕਾਰ ਹੈ।

# ਆਪਣੇ ਅਧਿਕਾਰ ਜਾਣੋ: ਤਨਖਾਹ ਅਤੇ ਕੰਮ ਦੇ ਘੰਟੇ

Wage & Hour

ASIAN AMERICANS ADVANCING JUSTICE
ASIAN LAW CAUCUS

55 Columbus Avenue
San Francisco, CA 94111
ਟੈਲੀਫੋਨ (415) 896-1701
ਫੈਕਸ (415) 896-1702
www.advancingjustice-alc.org

***ਐਡਵਾਂਸਿੰਗ ਜਸਟਿਸ - ਏਸ਼ੀਅਨ ਲਾਅ ਕਾਕਸ (Advancing Justice - Asian Law Caucus) ਦਾ ਮਿਸ਼ਨ ਏਸ਼ੀਅਨ ਅਤੇ ਪੈਸੀਫਿਕ ਆਈਲੈਂਡਰ ਦੇ ਭਾਈਚਾਰਿਆਂ ਦੇ ਕਨੂੰਨੀ ਅਤੇ ਨਾਗਰਿਕ ਅਧਿਕਾਰਾਂ ਦਾ ਪ੍ਰਚਾਰ ਕਰਨਾ, ਇਹਨਾਂ ਨੂੰ ਅੱਗੇ ਵਧਾਉਣਾ ਅਤੇ ਇਹਨਾਂ ਦੀ ਪ੍ਰਤੀਨਿਧਤਾ ਕਰਨਾ ਹੈ। ਇਸ ਤੱਥ ਨੂੰ ਸਵੀਕਾਰ ਕਰਦੇ ਹੋਏ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਨਸਲੀ ਅਸਮਾਨਤਾਵਾਂ ਮੌਜੂਦ ਹਨ, ਏਸ਼ੀਅਨ ਲਾਅ ਕਾਕਸ (Asian Law Caucus) ਸਾਡੇ ਸਮਾਜ ਦੇ ਸਾਰੇ ਲੋਕਾਂ ਵਾਸਤੇ ਬਰਾਬਰੀ ਅਤੇ ਨਿਆਂ ਦੀ ਪ੍ਰਾਪਤੀ ਲਈ ਵਚਨਬੱਧ ਹੈ, ਜਦਕਿ ਇਸਦਾ ਵਿਸ਼ੇਸ਼ ਫੋਕਸ ਘੱਟ ਆਮਦਨ ਵਾਲੇ ਏਸ਼ੀਆਈ ਅਤੇ ਪੈਸੀਫਿਕ ਆਈਲੈਂਡਰਜ਼ ਦੀਆਂ ਲੋੜਾਂ ਨੂੰ ਪੂਰਾ ਕਰਨ ਵੱਲ ਹੈ।***

**© 2021 ਐਡਵਾਂਸਿੰਗ ਜਸਟਿਸ - ਏਸ਼ੀਅਨ ਲਾਅ ਕਾਕਸ ਅਸੀਂ ਇਸ ਬਰੌਸ਼ਰ ਨੂੰ ਮੁੜ-ਪ੍ਰਕਾਸ਼ਿਤ ਕਰਨ ਲਈ ਉਤਸ਼ਾਹਿਤ ਕਰਦੇ ਹਾਂ ਅਤੇ ਕੇਵਲ ਇਹ ਮੰਗ ਕਰਦੇ ਹਾਂ ਕਿ ਮੁੜ-ਪ੍ਰਿੰਟ ਕਰਦੇ ਸਮੇਂ ਤੁਸੀਂ ALC ਨੂੰ ਕ੍ਰੈਡਿਟ ਦਿਓ।**

**ਆਖਰੀ ਅਪਡੇਟ: 9/22/2021**